

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ।
ਤੂ ਸਾਹਿਬ ਸੁਣੀ ਨਿਧਾਨਾ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੇ
ਚਰਨ ਸੇਵਕ

ਸੰਤ ਕਸ਼ਮੀਰਾ ਸਿੰਘ ਜੀ

ਹਰਪਾਲ ਸਿੰਘ 'ਸੇਵਕ'



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੀਆਂ

ਅਪਾਰ ਬਖਸ਼ਿਸ਼ਾਂ ਦੇ ਪਾਤਰ

ਸੰਤ ਕਸ਼ਮੀਰਾ ਸਿੰਘ ਜੀ

[illegible] ਨਾਨਕ ਦੇਵ, ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ [illegible], ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਜੇ ਅਤੇ ਸਤਿਗੁਰੂ [illegible] ਦੀ ਅਪਾਰ ਨਿਵਾਜਿਸ਼ ਦੇ ਪਾਤਰ ਸੰਤ ਕਸ਼ਮੀਰਾ ਸਿੰਘ ਜੀ [illegible] ਉਮਰ ਭੋਗ ਕੇ 27 ਜਨਵਰੀ 2013 ਈ. ਨੂੰ ਸਤਿਗੁਰੂ ਚਰ[illegible] ਬਿਰਾਜੇ ਹਨ। ਆਪ ਪ੍ਰੇਮਾ-ਭਗਤੀ ਅਤੇ ਸੇਵਾ-ਸਮਰਪਣ ਦੀ ਸਾਕਾਰ-ਮੂਰਤ ਸਨ। ਆਪ ਜੀ ਨਮਿਤ ੯ ਫਰਵਰੀ ੨੦੧੩ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਗੁਰਬਾਣੀ ਦੇ ਪਾਠਾਂ ਦੇ ਭੋਗ ਅਤੇ ਅੰਤਮ-ਅਰਦਾਸ ਦਾ ਮੇਲਾ ਮਨਾਇਆ ਜਾ ਰਿਹਾ ਹੈ। ਆਪ ਦੇ ਗੁਰਮੁਖੀ-ਜੀਵਨ ਬਾਰੇ ਚੰਦ ਹਰਫ਼ ਸੰਗਤਾਂ ਨਾਲ ਸਾਂਝੇ ਕਰ ਰਹੇ ਹਾਂ।

ਸੰਤ ਕਸ਼ਮੀਰਾ ਸਿੰਘ ਜੀ ਦਾ ਸਮੁੱਚਾ ਜੀਵਨ ਹੀ ਸਮਰੱਥ-ਸਤਿਗੁਰੂ ਦੀ ਅਪਾਰ ਬਖਸ਼ਿਸ਼ ਅਤੇ ਅਨਿਨ-ਸੇਵਕ ਦੇ ਪੂਰਨ-ਸਮਰਪਣ ਦੀ ਸਾਖੀ ਭਰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ-

ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ
ਜੈਸੋ ਗੁਰ ਸਿਖ ਸਾਧ ਸੰਗਤ ਕੋ ਨਾਤਾ ਹੈ।

ਏਡਾ ਉੱਚਾ ਸੁੱਚਾ ਅਤੇ ਪਰਮ-ਪਵਿਤ੍ਰ ਰਿਸ਼ਤਾ ਦੁਨੀਆਂ ਵਿਚ ਕੋਈ ਨਹੀਂ ਜਿਹੋ ਜਿਹਾ ਗੁਰੂ ਅਤੇ ਸਿੱਖ ਦਾ ਨਾਤਾ ਹੈ। ਖੂਨ ਦੇ ਰਿਸ਼ਤੇ ਕਈ ਵੇਰ ਲੋਭ ਅਤੇ ਸੁਆਰਥ-ਵੱਸ ਖੂਨ ਦੇ ਤਿਹਾਏ ਹੋ ਜਾਂਦੇ ਹਨ। ਗੁਰੂ ਸਾਹਿਬ ਗੁਰਬਾਣੀ ਵਿਚ ਫੁਰਮਾਉਂਦੇ ਹਨ-

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭ ਅਪਨੈ ਸੁਆਇ ਮਿਲਾਸਾ।

ਜਿਤੁ ਦਿਨ ਉਨ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥

ਪਰ ਇਹ ਗੁਰੂ ਦੀ ਸੋਭਾ ਹੀ ਹੈ ਕਿ ਜਦੋਂ ਕੋਈ ਆਸਰਾ ਨਾ ਰਹੇ, ਕੋਈ ਕੂਕ ਪੁਕਾਰ ਨਾ ਸੁਣੇ ਤਾਂ ਸਤਿਗੁਰੂ ਬਹੁੜਦਾ ਹੈ, 'ਸੇਵਕ ਕਉ ਨਿਕਟੀ ਹੋਇ ਦਿਖਾਵੈ।'- ਸਤਿਗੁਰੂ ਤੱਤੀ ਵਾਉ ਨਹੀਂ ਲੱਗਣ ਦੇਂਦਾ ਸਿੱਖ ਨੂੰ [illegible] ਦਾ ਨਾਤਾ ਹੈ, ਸੁੱਚੇ-ਪ੍ਰੇਮ ਦਾ, ਸਿਦਕ-ਸਬੂਰੀ ਦਾ, ਪੂਰਨ-ਸ[illegible] ਜੋ ਨਿਰਛਲ, ਨਿਰਮਲ, ਖ਼ੁਦਗਰਜ਼ੀਆਂ ਤੋਂ ਲਾਂਭੇ, ਦਿਖਲਾਵਿ[illegible] ਹੈ, ਗੰਗਾ ਜਲ ਜਿਹਾ ਪਵਿੱਤ੍ਰ ਰਿਸ਼ਤਾ ਹੈ। ਅਨੇਕਾਂ ਮਿਸਾਲਾਂ ਹਨ [illegible] ਜੇ [illegible], ਸਿੱਖੀ ਨੂੰ ਪ੍ਰੇਮ ਕਸਵੱਟੀ ਤੇ ਪਰਖਣ ਲਈ ਹੱਥ ਵਿਚ ਨੰਗੀ ਤਲਵਾਰ ਫੜ ਕੇ ਸੀਸ ਮੰਗਦਾ ਹੈ ਤਾਂ ਸਿੱਖ ਖ਼ੁਸ਼ੀ-ਖ਼ੁਸ਼ੀ ਸੀਸ-ਅਰਪਣ ਕਰਦੇ ਹਨ। ਖੋਪਰੀਆਂ ਲੁਹਾ ਕੇ, ਬੰਦ-ਬੰਦ ਕਟਵਾ ਕੇ, ਤੋਪਾਂ ਦੇ ਗੋਲਿਆਂ ਦੇ ਸਨਮੁਖ ਹੋ ਕੇ ਆਖਦੇ ਹਨ, ਸੱਚੇ-ਪਾਤਸ਼ਾਹ। ਸ਼ੁਕਰ ਹੈ ਇਹ ਸਰੀਰ ਤੇਰੇ ਲੇਖੇ ਲੱਗਿਆ, ਤੈਨੂੰ ਪ੍ਰਵਾਨ ਹੋਇਆ। ਗੁਰੂ ਵੀ ਕਿਰਪਾ ਕਰਦਾ ਹੈ ਕਿ ਜੇ ਸਿੱਖ ਗੁਰੂ ਜੋਗਾ ਤਾਂ ਗੁਰੂ ਵੀ ਸਿੱਖ ਜੋਗਾ ਹੀ ਹੋ ਜਾਂਦਾ ਹੈ। ਆਪਣੇ ਚਾਰੇ ਪੁੱਤਰ ਵਾਰ ਕੇ ਆਖਦਾ ਹੈ- ਫੇਰ ਕੀ ਹੋਇਆ, ਚਾਰ ਮਰੇ ਹਨ- ਮੇਰੇ ਕਈ ਹਜ਼ਾਰ, ਪੁੱਤਰਾਂ ਤੋਂ ਵੀ ਪਿਆਰੇ ਸਿੱਖ ਜਿਊਂਦੇ ਹਨ। ਸਤਿਗੁਰੂ ਰਾਮ ਸਿੰਘ ਜਦੋਂ ਮਸਤਾਨੇ ਦਲ ਨੂੰ ਸਿਦਕ ਕਸਵੱਟੀ ਤੇ ਪਰਖਦੇ ਹਨ, ਡਾਂਗਾਂ ਨਾਲ ਕੁੱਟਦੇ ਹਨ ਅਤੇ ਹੁਕਮ ਕਰ ਦੇਂਦੇ ਹਨ- 'ਏਨਾਂ ਨੂੰ ਕੋਈ ਪ੍ਰਸ਼ਾਦਾ ਨਾ ਛਕਾਵੇ। ਨਾਲ ਹੀ ਸਾਂਗ ਰਚਦੇ ਹਨ ਕਿ ਮੇਰੇ ਗਲੇ 'ਚ ਪੱਠੀਆਂ ਪੈ ਗਈਆਂ ਹਨ, ਗਲਾ ਪੱਕਿਆ ਹੈ, ਅੰਨ ਜਲ ਅੰਦਰ ਨਹੀਂ ਲੰਘਦਾ।

ਕੁਝ ਦਿਨਾਂ ਬਾਅਦ ਸਿੱਖ ਜਦ ਆਗਿਆ ਅਨੁਸਾਰ ਲੰਗਰ ਛਕਦੇ ਹਨ ਤਾਂ ਫੇਰ ਸਤਿਗੁਰ ਪ੍ਰਸ਼ਾਦ ਛਕਦੇ ਹਨ- ਪੰਜਾਬੀ ਦੇ ਪ੍ਰਸਿੱਧ ਕਵੀ, ਵਿਧਾਤਾ ਸਿੰਘ ਤੀਰ ਇਸ ਪ੍ਰਸੰਗ ਦਾ ਸਾਰ ਲਿਖਦੇ ਹਨ-

ਤੀਰ ਇਹ ਹੈ ਪ੍ਰੇਮ ਦੀ ਉੱਚ ਝਾਕੀ,
ਲੇਸ ਏਸ ਵਿਚ ਦੁਨੀਆ ਦੇ ਰੰਗ ਦੀ ਨਹੀਂ।
ਸਿੱਖ ਗੁਰੂ ਦਾ ਅੰਨ ਤੋਂ ਰਹੇ ਭੁੱਖਾ
ਬੁਰਕੀ ਸਤਿਗੁਰੂ ਦੇ ਮੂੰਹੋਂ ਵੀ ਲੰਘਦੀ ਨਹੀਂ ॥

ਗੁਰਸਿੱਖੀ ਅਤੇ ਗੁਰੂ ਦਾ ਰਿਸ਼ਤਾ ਨਦੀ ਅਤੇ ਸਾਗਰ ਦਾ ਰਿਸ਼ਤਾ ਹੈ-

ਗੁਰੂ ਸਮੁੰਦੁ ਨਦੀ ਸਭਿ ਸਿਖੀ,

ਨਾਤੈ ਜਿਤੁ ਵਡਿਆਈ।

ਹਰ ਨਦੀ ਪੂਰੇ ਵੇਗ ਨਾਲ ਦੌੜਦੀ ਹੋਈ ਆਪਣੇ ਸ਼ਹੁ-ਸਾਗਰ ਵਿਚ ਅਮਰ ਹੋ ਜਾਣਾ ਚਾਹੁੰਦੀ ਹੈ- ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਦੇ ਸ਼ਬਦਾਂ ਵਿਚ–

ਜੁਗ ਬੀਤੇ ਤੇ ਲੰਘੀਆਂ ਸਦੀਆਂ,

ਪਣਾ ਰਾਹ ਭੁਲੀਆਂ ਨਦੀਆਂ,

ਨ ਸ਼ਹੁ-ਸਾਗਰ ਵਲ ਵਧੀਆਂ...

ਵਿਚ ਸਮਾ ਜਾਣ ਤੇ ਗੁਰੂ ਅਤੇ ਸਿੱਖਾਂ ਦੀ ਲੀਲ੍ਹਾ- ਸਾਗਰ

ਆਂ ਛੱਲਾਂ ਵਰਗੀ ਪ੍ਰੇਮ-ਲੀਲ੍ਹਾ ਬਣ ਜਾਂਦੀ ਹੈ–

ਤਗੁਰ ? ਕੀ ਸਿੱਖ ਗੁਰੂ ਦੇ ?

-ਸਿੱਖਾਂ ਦੀਆਂ ਗੱਲਾਂ ?

ਆਰਾਂ ਦਾ ਸਾਗਰ ਛਲਕੇ,

ਸਾਗਰ ਦੀਆਂ ਛੱਲਾਂ।

ਜੋ ਨਦੀ ਸਾਗਰ ਵਲੋਂ ਮੁੱਖ ਮੋੜ ਲਵੇ ਉਹ ਕਿਸੇ ਰੇਗਿਸਤਾਨ ਵਿਚ ਭਟਕ ਕੇ ਆਪਣੀ ਹੋਂਦ ਗਵਾ ਬੈਠਦੀ ਹੈ- ਜੋ ਪਾਣੀ ਦਾ ਕਤਰਾ ਵੀ ਸਾਗਰ ਵਿਚ ਸਮਾ ਜਾਵੇ ਉਹ ਸਾਗਰ ਹੀ ਹੋ ਜਾਂਦਾ ਹੈ- ਤੂ ਤੂ ਕਰਤਾ ਤੂ ਭਇਆ- ਦੀ ਪਰਮ ਅਨੰਦ ਵਾਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਗੁਰਬਾਣੀ ਵਿਚ ਆਪਣੇ ਸਤਿਗੁਰੂ ਨੂੰ ਬਾਲ-ਸਖਾ, ਭਰਾਤਾ, ਮਿਤ੍ਰ, ਪਤੀ ਅਤੇ ਮਾਤਾ-ਪਿਤਾ ਆਦਿ ਦੇ ਮੋਹ ਭਰੇ ਵਿਸ਼ੇਸ਼ਣਾਂ ਨਾਲ ਸੰਬੋਧਨ ਕੀਤਾ ਗਿਆ ਹੈ। ਪਰ ਭਾਈ ਗੁਰਦਾਸ ਜੀ ਤਾਂ ਏਸ ਤੋਂ ਵੀ ਅੱਗੇ ਦੀ ਗੱਲ ਕਰਦੇ ਹਨ–

ਸਤਿਗੁਰ ਤੁਲ ਨ ਮੇਹਰਬਾਨ

ਮਾਤਾ-ਪਿਤਾ ਨ ਦੇਵ ਸਬਾਏ।

ਡਿਠੇ ਸਭੇ ਠੋਕ ਵਜਾਏ ॥

ਸਤਿਗੁਰੂ ਜੇਡਾ ਮੇਹਰਬਾਨ ਨਾ ਕੋਈ ਰਿਸ਼ਤੇਦਾਰ, ਨਾ ਮਾਤਾ-ਪਿਤਾ ਅਤੇ ਨਾ ਹੀ ਕੋਈ ਦੇਵੀ ਦੇਵਤਾ ਹੈ। ਸਤਿਗੁਰੂ ਦੀ ਇਹ ਵੀ ਤਾਰੀਫ਼ ਹੈ ਕਿ ਉਹ ਨਿਮਾਣਿਆਂ ਦਾ ਮਾਣ ਹੈ, ਨਿਤਾਣਿਆਂ ਦਾ ਤਾਣ ਹੈ। ਜਿਸਦਾ ਕੋਈ ਨਹੀਂ

ਉਸਦਾ ਸਤਿਗੁਰੂ ਹੁੰਦਾ ਹੈ। ਜਦੋਂ ਸਾਰੇ ਹੀ ਸਾਥ ਛਡ ਜਾਣ, ਕੋਈ ਆਸਰਾ ਨਾ ਰਹੇ ਉਸ ਵੇਲੇ ਸਤਿਗੁਰੂ ਸਭ ਤੋਂ ਵੱਧ ਨਿਕਟੀ ਹੋ ਕੇ ਨਿਵਾਜਦਾ ਹੈ- ਸੇਵਕ ਕਉ ਨਿਕਟੀ ਹੋਇ ਦਿਖਾਵੈ।' ਜਾਂ ਸਭ ਕੁਝ ਹੁੰਦਿਆਂ ਹੋਇਆਂ ਵੀ ਜੇ ਸਿੱਖ ਹੋਰ ਕਿਸੇ ਤੋਂ ਆਸ ਨਾ ਰੱਖੇ, ਇਕ ਸਤਿਗੁਰੂ ਦਾ ਆਸਰਾ ਦਿਲ ਵਿਚ ਹੋਵੇ ਤਦ ਵੀ [illegible]ਤਿਗੁਰੂ ਆਪਣਾ ਬਿਰਦ ਪਾਲਨ ਲਈ ਸੇਵਕ ਨੂੰ ਆਪਣੇ ਕਲਾਵੇ 'ਚ ਲੈ ਲੈਂਦਾ ਹੈ।

ਏਸੇ ਤਰ੍ਹਾਂ ਦੇ ਸਤਿਗੁਰੂ-ਸੱਚੇ ਪਾਤਸ਼ਾਹ ਦੀਆਂ ਅਪਾਰ ਬ[illegible]ਦੇ ਪਾਤਰ ਸਨ- ਸੰਤ ਕਸ਼ਮੀਰਾ ਸਿੰਘ- ਜਿਨ੍ਹਾਂ ਦਾ ਸਤਿਗੁਰੂ ਤੋਂ ਬਿਨਾਂ [illegible] ਆਸਰਾ ਹੀ ਨਹੀਂ ਸੀ, ਜਿਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਗਰੀਬ-ਨਿ[illegible]ਨੇ ਵੱਡੀ ਤੋਂ ਵੱਡੀ ਬਿਪਤਾ ਸਮੇਂ ਵੀ ਆਪਣੇ ਪਰਾਂ ਹੇਠ ਸੰਭਾਲਿਆ। ਜਿ[illegible]ਦਾ ਬਚਪਨ ਏਸੇ ਤਰ੍ਹਾਂ ਦਾ ਸੀ-

ਦੂਧੀਂ ਰੁਤੇ ਅੰਮੜੀ ਮੋਈ
ਬਾਬਲ ਬਾਲ ਵਰੇਸੇ।

ਪਿਤਾ ਸ੍ਰ. ਮੂਲਾ ਸਿੰਘ ਮਾਤਾ ਸੰਤ ਕੌਰ ਦੇ ਗ੍ਰਹਿ ਵਿਖੇ ਕਰੀਬ 1918 ਈ. ਵਿਚ ਸੰਤ ਕਸ਼ਮੀਰਾ ਸਿੰਘ ਜੀ ਦਾ ਜਨਮ ਪਿੰਡ ਬਚਨਾ ਕੋਟ (ਗੁਰਦਾਸਪੁਰ-ਪਾਕਿਸਤਾਨ) ਵਿਖੇ ਹੋਇਆ। ਸੁਰਤ ਸੰਭਾਲਣ ਤੋਂ ਪਹਿਲਾਂ ਹੀ ਪਿਤਾ ਚੱਲ ਵਸਿਆ, ਸੁਰਤ ਸੰਭਲੀ ਤਾਂ ਮਾਤਾ ਸੰਤ ਕੌਰ ਵੀ ਰੱਬ ਨੂੰ ਪਿਆਰੇ ਹੋ ਗਏ।

ਮੇਰੇ ਪੁੱਛਣ ਤੇ ਕਿ ਸਾਡੇ ਦਾਦਾ-ਦਾਦੀ ਨਾਮਧਾਰੀ ਸਨ ਕਿ ਗੈਰ-ਨਾਮਧਾਰੀ ਅਤੇ ਤੁਸੀਂ ਕਿੰਨੇ ਭੈਣ ਭਰਾ ਸੋ?

ਆਖਣ ਲੱਗੇ, 'ਸਾਡਾ ਪਿਤਾ ਤਾਂ ਮਾਸ ਵਗੈਰਾ ਵੀ ਖਾ ਲੈਂਦਾ ਸੀ ਪਰ ਸਾਡੀ ਮਾਤਾ ਨੇ ਕੱਟੜ ਨਾਮਧਾਰੀ ਪਰਵਾਰ 'ਚੋਂ ਹੋਣ ਕਰਕੇ ਭਜਨ ਪੁੱਛਿਆ ਹੋਇਆ ਸੀ। ਮਾਸ-ਸ਼ਰਾਬ ਘਰ ਵਿਚ ਨਹੀਂ ਸੀ ਵੜਨ ਦੇਂਦੀ। ਮੈਨੂੰ ਉਸਦੀ ਥੋੜ੍ਹੀ-ਥੋੜ੍ਹੀ ਸੰਭਾਲ ਹੈ। ਦਾਦੀ ਦੀ ਪੂਰੀ ਸੰਭਾਲ ਹੈ ਪਰ ਨਾਮ ਯਾਦ ਨਹੀਂ। ਸਾਡੀ ਵੱਡੀ ਭੈਣ ਵਿੱਦਿਆ ਉਸਤੋਂ ਛੋਟਾ ਭਰਾ ਤਾਰਾ ਸਿੰਘ, ਫੇਰ ਪ੍ਰਤਾਪ ਸਿੰਘ, ਮੈਂ (ਕਸ਼ਮੀਰਾ ਸਿੰਘ) ਅਤੇ ਇਕ ਛੋਟੀ ਭੈਣ ਸੀ ਜੋ ਬਚਪਨ ਵਿਚ ਹੀ ਜਦੋਂ ਅਜੇ ਰਿੜ੍ਹਦੀ ਸੀ, ਫੋੜਾ ਨਿਕਲਿਆ ਤਾਂ ਚੜ੍ਹਾਈ ਕਰ ਗਈ। ਵੱਡਾ ਭਰਾ ਤਾਰਾ ਸਿੰਘ ਵਿਆਹ ਤੋਂ ਪਹਿਲਾਂ ਹੀ ਚੱਲ ਵਸਿਆ ਅਤੇ ਪ੍ਰਤਾਪ ਸਿੰਘ, ਮੁਕਲਾਵਾ ਲੈਣ ਗਿਆ। ਨਮੂਨੀਆ ਹੋ ਗਿਆ ਅਤੇ ਚੜ੍ਹਾਈ ਕਰ ਗਿਆ।

ਜਦੋਂ ਨਾ ਸਿਰ 'ਤੇ ਮਾਤਾ ਪਿਤਾ ਦਾ ਸਾਇਆ ਰਿਹਾ- ਨਾ ਭਰਾਵਾਂ ਦੀਆਂ ਬਾਹਵਾਂ ਦਾ ਸਾਥ- ਇਕ ਵੱਡੀ ਭੈਣ ਦਾ ਬੋਝ ਜ਼ਰੂਰ ਰਹਿ ਗਿਆ ਮੋਢਿਆਂ 'ਤੇ। ਇਸ ਸਮੇਂ ਅਨਾਥ ਬਾਲ ਕਸ਼ਮੀਰਾ ਸਿੰਘ ਨੂੰ ਵੱਡਾ ਆਸਰਾ ਮਿਲ ਗਿਆ ਅਨਾਥਾਂ ਦੇ ਨਾਥ ਵੱਡੇ ਪ੍ਰਤਾਪ ਵਾਲੇ ਅਟੱਲ-ਪ੍ਰਤਾਪੀ [illegible]ਗੁਰੂ ਪ੍ਰਤਾਪ ਸਿੰਘ ਜੀ ਦਾ। ਮਾਤਾ ਸੰਤ ਕੌਰ ਦਾ ਨਾਮਧਾਰੀ ਪਰਵਾਰ 'ਚੋਂ [illegible] ਬਣ ਗਿਆ- ਸਤਿਗੁਰਾਂ ਦੀ ਚਰਨ ਸ਼ਰਣ ਆਉਣ ਦਾ। ਫੇਰ ਤਾਂ

[illegible]ਭ੍ਰਿਪਤਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥'

[illegible] ਪਿਤਾ ਜੀ ਦਸਦੇ ਸਨ ਕਿ ਮੇਰੇ ਦੋ ਤਾਏ ਸਨ- ਗੁਰਦਿੱਤ ਸਿੰਘ ਅਤੇ ਈਸ਼ਰ ਸਿੰਘ। ਦੋਹਾਂ ਨੇ ਭਜਨ ਪੁੱਛਿਆ ਹੋਇਆ ਸੀ। ਕੁਝ ਸਮਾਂ ਤਾਏ ਗੁਰਦਿੱਤ ਸਿੰਘ ਪਾਸ ਰਹੇ। ਤਾਇਆ ਈਸ਼ਰ ਸਿੰਘ ਮਹੀਓਂਦਾਤੇ ਰਹਿੰਦੇ ਸਨ। ਉਨ੍ਹਾਂ ਦੇ ਤਿੰਨ ਲੜਕੇ ਸਨ- ਹਰਨਾਮ ਸਿੰਘ, ਕਰਮ ਸਿੰਘ, ਗਿਆਨ ਸਿੰਘ ਅਤੇ ਇਕ ਧੀ- ਮਾਈ ਧੰਨੀ। ਆਖਦੇ ਸਨ ਕਿ ਸਾਡਾ ਨਾਨਾ ਅਰੂੜ ਸਿੰਘ ਪੱਕਾ ਨਾਮ[illegible] ਸੀ- ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਹੀ ਸਿੱਖ ਸਜਿਆ, ਬੜਾ [illegible]ਆ[illegible]ੀ। ਮਾਮੇ ਸਨ ਨਰੈਣ ਸਿੰਘ, ਸੋਹਣ ਸਿੰਘ ਅਤੇ ਸੋਭਾ ਸਿੰਘ। [illegible]ਮਾਰ[illegible] ਦਾ ਸਾਂ ਕਿ ਮਾਮਾ ਸੋਭਾ ਸਿੰਘ ਸਾਨੂੰ (ਮੈਨੂੰ ਤੇ ਭੈਣ ਵਿਦਿਆ ਨੂੰ) ਆਪਣੇ [illegible] ਆਇਆ। ਬਚਪਨ ਵਿਚ ਮੇਰੇ ਕੇਸ ਵੀ ਕੱਟੇ ਹੋਏ ਸਨ ਅਤੇ ਕੰਨ ਵੀ ਵਿੰਨ੍ਹ[illegible] ਸਨ। ਫੇਰ ਨਾਨਕੇ ਹੀ ਪਲੇ, ਚਾਰ ਪੰਜ ਜਮਾਤਾਂ ਪੜ੍ਹੇ, ਲੱਕੜੀ ਦਾ ਕੰਮ ਸਿਖਿਆ। ਠੇਕੇਦਾਰੀ ਵੀ ਕਰਦੇ ਰਹੇ- ਜੁਆਨ ਹੋਏ ਅਤੇ ਗੁਰੂ-ਚਰਨਾਂ ਨਾਲ ਗੰਢ ਪੀਡੀ ਹੁੰਦੀ ਗਈ। ਵੱਡੀ ਭੈਣ ਇਕ ਨਾਮਧਾਰੀ ਸਿੰਘ, ਅਮਰ ਸਿੰਘ ਨਾਲ ਵਿਆਹ ਦਿੱਤੀ ਜੋ ਦਿੱਲੀ ਰਹਿੰਦੇ ਸਨ- ਉਨ੍ਹਾਂ ਦੇ ਬੱਚੇ ਸੰਤੋਖ ਸਿੰਘ, ਸੁਲੱਖਣ ਸਿੰਘ, ਜੋਗਿੰਦਰ ਸਿੰਘ, ਨਰਿੰਦਰ ਸਿੰਘ ਹਨ। ਤਾਏ ਈਸ਼ਰ ਸਿੰਘ ਦੇ ਲੜਕੇ ਕਰਮ ਸਿੰਘ ਅਤੇ ਗਿਆਨ ਸਿੰਘ ਖੁੱਲ੍ਹੇ ਹੀ ਸਨ- ਉਨ੍ਹਾਂ ਦੀ ਵੀ ਕੋਈ ਅੰਸ ਨਹੀਂ- ਹਰਨਾਮ ਸਿੰਘ ਨਾਮਧਾਰੀ ਬਣ ਗਿਆ, ਬੜਾ ਭਲਾ-ਮਾਣਸ ਸੀ- ਉਨ੍ਹਾਂ ਦਾ ਪਰਵਾਰ ਯੂ.ਪੀ. ਵਿਚ ਰਹਿੰਦੇ ਹਨ। ਕੈਸਾ ਸਬੱਬ ਹੈ ਕਿ ਭੈਣਾਂ ਭਰਾਵਾਂ, ਤਾਇਆਂ 'ਚੋਂ ਉਨ੍ਹਾਂ ਦੀ ਅੰਸ ਹੀ ਚਲਦੀ ਰਹੀ ਜੋ ਅੰਮ੍ਰਿਤ-ਨਾਮ ਦੀ ਦਾਤ ਪ੍ਰਾਪਤ ਕਰ ਕੇ ਅਟੱਲ ਪ੍ਰਤਾਪੀ ਸਤਿਗੁਰੂ- ਸੱਚੇ ਪਾਤਸ਼ਾਹ ਜੀ ਦੀ ਚਰਨ-ਸਰਨ ਆ ਗਏ।

ਨਾਨਕੇ, ਮਾਮਿਆਂ ਪਾਸ ਆ ਕੇ ਸਤਿਗੁਰੂ-ਸੱਚੇ ਪਾਤਸ਼ਾਹ ਦੀ ਕਿਰਪਾ ਵਧਦੀ ਹੀ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪ੍ਰੀਤ ਤੇ ਪ੍ਰਤੀਤ ਪੱਕੀ ਹੁੰਦੀ ਗਈ- ਭਾਈ ਗੁਰਦਾਸ ਜੀ ਦੇ ਵਾਕ ਸਾਕਾਰ ਹੋ ਗਏ- 'ਗੁਰਮੁਖ ਸਚੀ ਆਸਕੀ, ਜਿਤੁ ਪ੍ਰੀਤਮ ਸਚਾ ਪਾਈਐ।'

ਮਾਮੇ ਨਰੈਣ ਸਿੰਘ ਦੇ ਪੁਤ੍ਰ ਸ੍ਰ. ਇੰਦਰ ਸਿੰਘ ਅਤੇ ਸੇਵਾ ਸਿੰਘ, ਮਾਮੇ ਸੋਭਾ ਸਿੰਘ ਦੇ ਠੇਕੇਦਾਰ ਸਾਧੂ ਸਿੰਘ ਅਤੇ ਸ੍ਰ. ਮੇਲਾ ਸਿੰਘ। ਸਾਡੇ ਪਿਤਾ ਜੀ, ਮਾਮੇ ਦੇ ਪੁੱਤਰਾਂ ਨਾਲ ਸਕਿਆਂ ਭਰਾਵਾਂ ਵਾਂਗ ਹੀ ਰਹੇ [illegible] ਪੁੱਤਰਾਂ ਪੋਤਰਿਆਂ ਤੱਕ ਵੀ ਬਣੀ ਹੋਈ ਹੈ।

ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਦੂਰ-ਦ੍ਰਿਸ਼ਟੇਤਾ [illegible] ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਰਿਆਣੇ 'ਚ ਜ਼ਿਲ੍ਹਾ ਸਿਰਸਾ [illegible] ਜ਼ਮ[illegible] ਖ੍ਰੀਦ ਕੇ ਸਿੱਖਾਂ ਨੂੰ ਵਸਾਉਣਾ ਸ਼ੁਰੂ ਕਰ ਦਿੱਤਾ। ਜਦੋਂ ਦੇਸ਼ ਦੀ ਵੰ[illegible] ਈ- [illegible] ਆਜ਼ਾਦ ਹੋਇਆ, ਸਾਮਰਾਜੀ ਜਾਂ ਰਜਵਾੜਾਸ਼ਾਹੀ ਰਾਜ-ਪ੍ਰਬੰ[illegible] ਦੀ ਜਗ੍ਹਾ ਜਮਹੂਰੀ-ਤੰਤਰ ਸਥਾਪਿਤ ਹੋਇਆ- ਰਿਆਸਤਾਂ ਟੁੱਟ ਗਈਆਂ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਦੀ ਰਿਆਸਤ ਬ ਣਾ ਦਿੱਤੀ- ਏਥੇ ਹੀ ਮਾਮੇ ਨਰੈਣ ਸਿੰਘ, ਸੋਭਾ ਸਿੰਘ ਨੇ ਜ਼ਮੀਨਾਂ ਖਰੀਦੀਆਂ। ਇਹ ਜ਼ਮੀਨ ਵੀ ਸਾਡੇ ਪਿਤਾ ਜੀ ਨੇ ਆਬਾਦ ਕੀਤੀ। ਦਸਦੇ ਸਨ ਕਿ ਸਾਡੇ ਪਾਸ ਇਕ ਮੈਸੀ ਫਰਗੂਸਨ ਟਰੈਕਟਰ ਹੁੰਦਾ ਸੀ। ਆਪਣਾ ਕੰਮ ਕਾਰ ਕਰਦਿਆਂ ਜਦੋਂ ਕਿਤੇ ਸਤਿਗੁਰੂ ਸੱਚੇ ਪਾਤਸ਼ਾਹ ਦਾ ਸੇਵਾ ਲਈ ਹੁਕਮ ਆ ਜਾਣਾ ਤਾਂ ਸਾਰੇ ਕੰਮ ਵਿਚੇ ਹੀ ਛੱਡ ਕੇ ਹੁਕਮ ਸਿਰ-ਮੱਥੇ ਖ਼ੁਸ਼ੀ-ਖ਼ੁਸ਼ੀ ਮੰਨਦਿਆਂ ਧੰਨ ਭਾਗ ਸਮਝਣੇ। ਆਪਣੇ ਮਾਮਿਆਂ ਨੂੰ ਵੀ ਇਕ ਵੇਰ ਆਖਣ ਲੱਗੇ- ਵੇਖੋ, ਖ਼ੁਸ਼ ਹੋਵੋ ਜਾਂ ਨਰਾਜ਼, ਜਦੋਂ ਸਤਿਗੁਰਾਂ ਦਾ ਹੁਕਮ ਆ ਗਿਆ, ਨਾ ਤਾਂ ਮੈਂ ਕਿਸੇ ਨੂੰ ਪੁਛਣਾ ਹੈ ਅਤੇ ਨਾ ਹੀ ਅਰਜ਼ ਕਰਨੀ ਹੈ ਕਿ ਪਿਛੇ ਮੈਂ ਕੰਮ ਛੱਡ ਕੇ ਆਇਆ ਹਾਂ- ਜਿੰਨਾਂ ਚਿਰ ਹੁਕਮ ਹੋਏਗਾ ਸੇਵਾ ਕਰਾਂਗਾ।

ਬੱਸ ਸਿੱਖੀ ਵਿਚ ਏਹੋ ਹੀ ਪ੍ਰਾਪਤੀ ਹੈ ਜੋ ਗੁਰੂ ਜੋਗਾ ਹੋ ਗਿਆ, ਗੁਰੂ ਉਹਦੇ ਜੋਗਾ ਹੋ ਜਾਂਦਾ ਹੈ। ਗੁਰੂ ਜੋਗਾ ਹੋ ਜਾਣਾ- ਸਾਡੇ ਪਿਤਾ ਸੰਤ ਕਸ਼ਮੀਰਾ ਸਿੰਘ ਜੀ ਦਾ ਸੁਭਾਗ ਸੀ- ਗੁਰੂ ਵਲੋਂ ਵੀ ਵੱਡੀ ਬਖਸ਼ਿਸ਼ ਰਹੀ ਕਿ ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ

ਬਖਸ਼ਿਸ਼ਾਂ ਦੇ ਪਾਤਰ ਰਹੇ।

ਇਹ ਸਾਰੀ ਪ੍ਰਵਾਰਕ ਅਤੇ ਪਿਛੋਕੜ ਜਾਣਕਾਰੀ ਮੈਂ ਇਕ ਦਿਨ ਪਹਿਲਾਂ ਹੀ 25 ਅਤੇ 26 ਜਨਵਰੀ ਦੀ ਰਾਤ ਨੂੰ ਪੌਣੇ ਬਾਰਾਂ ਤੋਂ ਇਕ ਵਜੇ ਤੱਕ, ਜਦੋਂ ਨੀਂਦ ਨਹੀਂ ਸੀ ਆ ਰਹੀ, ਗੱਲਾਂ ਬਾਤਾਂ ਕਰਦਿਆਂ ਰਿਕਾਰਡ ਕੀਤੀ।

ਪਿਤਾ ਜੀ ਨੇ ਇਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੌਤਕ ਸੁਣਾਏ। ਆਖਣ ਲੱਗੇ ਕਿ ਮੈਂ ਮਕੈਨਕੀ ਵੀ [illegible] ਬਨਣ ਤੋਂ ਪਹਿਲਾਂ ਤੋਂ ਵੱਡੇ ਬਾਬਾ ਜੀ ਨਾਲ ਜੀਪ ਵੀ [illegible] ਕਿਸਤਾਨ ਬਨਣ ਵੇਲੇ ਵੱਡੇ ਬਾਬਾ ਜੀ, ਮਾਈਆਂ [illegible] ਅਤੇ ਹੋਰ ਕੁਝ ਸਿੱਖ ਮੰਡੀ (ਹਿਮਾਚਲ) ਚਲੇ ਗਏ ਸਨ। [illegible] ਨੂੰ ਥੋੜ੍ਹੇ ਦਿਨ ਹੀ ਹੋਏ ਸਨ। ਸਾਰੇ ਪਾਸਿਆਂ ਤੋਂ ਮਾਰ-ਮਰੋ [illegible] ਚੀਆਂ ਖਬਰਾਂ ਹੀ ਆ ਰਹੀਆਂ ਸਨ। ਟੈਲੀਫੋਨ ਦੇ ਕੋਈ ਸਾਧਨ ਨਹੀਂ ਸਨ। ਮੰਡੀ ਕੋਠੀ ਵਿਚ ਇਕ ਸ਼ਾਮ ਨੂੰ ਮੈਨੂੰ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਹੁਕਮ ਕੀਤਾ, ਸੱਚੇ ਪਾਤਸ਼ਾਹ (ਸਤਿਗੁਰੂ ਪ੍ਰਤਾਪ ਸਿੰਘ ਜੀ) ਦਾ ਪਤਾ ਲੈ ਕੇ ਆਉ ਪਤਾ ਨਹੀਂ ਜੀਵਨ ਨਗਰ ਹਨ, ਅੰਮ੍ਰਿਤਸਰ ਹਨ ਕਿ ਭੈਣੀ ਸਾਹਿਬ। ਸੁੱਖ-ਸਾਂਦ ਦੀ ਸਾਰੀ ਖਬਰ ਸ੍ਰੀ ਭੈਣੀ ਸਾਹਿਬ ਤੋਂ ਲੈ ਕੇ ਆਉ। ਸਾਈਕਲ, ਬੈਟਰੀ ਅਤੇ ਸੋਟਾ ਨਾਲ ਲੈਣ ਦਾ ਹੁਕਮ ਹੋਇਆ। ਤੁਰਨ ਲੱਗੇ ਤਾਂ ਵੱਡੇ ਬਾਬਾ ਜੀ ਕਿਹਾ ਜੇ ਅੱਗੋਂ ਭੈਣੀ ਸਾਹਿਬੋਂ ਕੋਈ ਆਉਂਦਾ ਮਿਲ ਜਾਵੇ ਤਾਂ ਉਸਤੋਂ ਖ਼ਬਰ ਮਿਲ ਜਾਵੇ ਤਾਂ ਉਥੋਂ ਹੀ ਵਾਪਸ ਆ ਜਾਣਾ। ਮਾਲੂਵਾਲ ਵਾਲੇ ਮਾਈ ਜੀ ਕਹਿਣ 'ਭੈਣੀ ਸਾਹਿਬ ਹੀ ਜਾ ਕੇ ਪੂਰਾ ਪਤਾ ਲੈ ਕੇ ਆਉਣਾ।' ਤੋਰਨ ਲੱਗੇ, ਕੁਝ ਅੱਗੇ ਆ ਕੇ ਬਾਬਾ ਜੀ ਨੇ ਫੇਰ ਬਚਨ ਕੀਤਾ- 'ਜੇ ਅੱਗੋਂ ਕੋਈ ਆਉਂਦਾ ਮਿਲ ਜਾਵੇ ਤਾਂ ਉਥੋਂ ਹੀ ਵਾਪਸ ਆ ਜਾਇਓ।' ਨਾਲ ਤਾਕੀਦ ਕੀਤੀ 'ਜਾ ਕੇ ਬਲਬੀਰ ਕੇ ਘਰ ਸਵੇਰ ਵਾਸਤੇ ਰੋਟੀ ਰਾਤ ਹੀ ਪਕਾ ਕੇ ਰੱਖ ਲਈਂ ਸਵੇਰ ਅੰਮ੍ਰਿਤ ਵੇਲੇ ਤੁਰ ਪਈ ਲੇਟ ਨਾ ਹੋਈ। ਤਿੰਨ ਵੇਰ ਇਹੋ ਬਚਨ ਕਰਕੇ ਪੱਕਿਆਂ ਕੀਤਾ ਕਿ ਸਵੇਰੇ ਸਾਜਰੇ ਤੁਰ ਪਈ ਲੇਟ ਨਾ ਹੋਈ।' ਸਕੇਤ ਪਹੁੰਚਿਆ ਤਾਂ ਮਗਰੇ ਰਣਜੀਤ ਸਿੰਘ ਬਾਜਵਾ ਵੀ ਆ ਗਿਆ, ਸਾਈਕਲ ਤੇ। ਉਸ ਦੱਸਿਆ ਕਿ ਬਾਬਾ ਜੀ ਨੇ ਹੁਕਮ ਕੀਤਾ ਹੈ, ਕਿ ਹਾਲਾਤ ਲੜਾਈਆਂ-ਝਗੜਿਆਂ ਵਾਲੇ ਨੇ, ਇਕੱਲੇ ਦਾ ਜਾਣਾ ਠੀਕ ਨਹੀਂ ਤੁਸੀਂ ਦੋਵੇਂ ਜਾਇਓ।' ਰਣਜੀਤ ਸਿੰਘ ਸੋਧੀ ਸੀ,

ਸਵੇਰੇ ਲੰਗਰ ਤਿਆਰ ਕਰਦਿਆਂ ਦਿਨ ਚੜ੍ਹ ਗਿਆ। ਤੁਰੇ ਤਾਂ ਥੋੜ੍ਹੀ ਅੱਗੇ ਜਾ ਕੇ ਉਸਦੇ ਸਾਈਕਲ ਦਾ ਟਾਇਰ ਪੈਂਚਰ ਹੋ ਗਿਆ। ਡੇਹਰ ਤੋਂ ਅੱਗੇ ਢਾਈ ਮੀਲ ਰਸਤਾ ਬੜਾ ਖਰਾਬ ਸੀ, ਵੱਡੇ-ਵੱਡੇ ਪੱਥਰ ਪਏ ਸਨ। ਅਸੀਂ ਸਾਈਕਲ ਚੁੱਕ ਕੇ ਢਾਈ ਮੀਲ ਸਫਰ ਕੀਤਾ। ਅੱਗੇ ਹੁਸ਼ਿਆਰਪੁਰ ਨੂੰ ਜਾਣਾ ਸੀ। ਕੁਝ ਅੱਗੇ ਵੇਖਿਆ ਤਾਂ ਦੋ ਗੱਡੀਆਂ ਆ ਰਹੀਆਂ ਸਨ। ਕੁਝ ਨੇੜੇ ਆਈਆਂ ਤਾਂ ਮੈਂ ਰਣਜੀਤ ਸਿੰਘ ਨੂੰ ਕਿਹਾ ਕਿ ਜਾਪਦਾ ਹੈ ਅਗਲੀ ਗੱਡੀ ਤੇ ਬਾਬਾ ਜੀ ਵਾਲੀ ਕਮਾਂਡਰ ਜੀਪ ਜਾਪਦੀ ਹੈ, ਥੋੜ੍ਹੀ ਦੇਰ ਬਾਅਦ ਪਿਛਲੀ ਗੱਡੀ ਦੀ ਚਿੱਟੀ ਝੰ[illegible]ੇ ਲਹਿਰਾਉਂਦੀ ਦਿਸ ਪਈ। ਅਸੀਂ ਤੇ ਬਾਗੋ-ਬਾਗ ਹੋ ਗਏ ਕਿ ਸਤਿਗੁਰੂ ਪ੍[illegible] ਸਿੰਘ ਜੀ ਆ ਰਹੇ ਹਨ। ਗਰੀਬ ਨਿਵਾਜ ਗੱਡੀਆਂ ਰੋਕੀਆਂ। ਪੁੱਛਿਆ, '[illegible] ਕਿੱਧਰ ?' 'ਗਰੀਬ ਨਿਵਾਜ, ਬਾਬਾ ਜੀ ਨੇ ਭੇਜਿਆ ਹੈ, ਆਪ ਜੀ ਦਾ ਪਤਾ ਲੈ[illegible] ਜਾ ਰਹੇ ਸਾਂ।'

'ਬੜੀ ਕੱਟ ਵੱਢ ਹੋ ਰਹੀ ਹੈ, ਸਾਈਕਲ ਜੀਪਾਂ ਦੇ ਉੱਪਰ ਰੱਖ ਲਉ - ਚੱਲੋ ਸਾਡੇ ਨਾਲ ਹੀ।' ਸਤਿਗੁਰੂ ਜੀ ਨੇ ਹੁਕਮ ਕੀਤਾ। ਸੰਤ ਪ੍ਰੀਤਮ ਸਿੰਘ ਪੱਦੀ ਵੀ ਨਾਲ ਸਨ। ਉਨ੍ਹਾਂ ਦੱਸਿਆ ਕਿ ਜਦੋਂ ਭੈਣੀ ਸਾਹਿਬੋਂ ਚਲੇ ਸਾਂ। ਬਾਬਾ ਟੋਕਰੀਆਂ ਵਾਲਾ (ਅਨੋਖ ਸਿੰਘ) ਕਹਿੰਦਾ ਸੀ ਅਜੇ ਭਾਣਾ ਦੂਰ ਹੈ, ਅਜੇ ਰੂਸ ਨਹੀਂ ਆਉਂਦਾ ਦਿਸਦਾ, ਅਜੇ ਸਤਿਗੁਰਾਂ ਨੇ ਲੁਕਣ-ਮੀਟੀ ਖੇਡਣੀ ਹੈ, ਬੇਅੰਤ ਜੀ ਦਾ ਸਮਾਂ ਆਉਣਾ ਹੈ। ਅੱਗੇ ਡੇਹਰ ਨੇੜੇ ਰੱਸਿਆਂ ਵਾਲਾ ਪੁਲ ਸੀ, ਛੋਟੀ ਗੱਡੀ ਤੇ ਲੰਘ ਗਈ ਵੱਡੀ ਨਾ ਚੜ੍ਹੇ, ਰਾਹ ਵੀ ਖਰਾਬ ਸੀ। ਸਤਿਗੁਰੂ ਜੀ ਵਾਲੀ ਗੱਡੀ ਸ੍. ਬਲਵੰਤ ਸਿੰਘ ਚਲਾ ਰਹੇ ਸਨ ਅਤੇ ਦੂਸਰੀ ਸ੍. ਗੁਰਦੇਵ ਸਿੰਘ (ਮਾਂਗਟ) ਸੈਕਟਰੀ। ਨਾਲ ਸੰਗਤ ਵੀ ਕਾਫ਼ੀ ਸੀ, ਸਮਾਨ ਵੀ ਟਰੰਕ ਵਗੈਰਾ ਸਨ। ਗੱਡੀ ਚਾੜ੍ਹਨ ਲਈ ਪਹਾੜੀਏ ਵੀ ਸੱਦੇ, ਸਾਰਿਆਂ ਬੜਾ ਜੋਰ ਲਾਇਆ ਪਰ ਗੱਡੀ ਨਾ ਚੜ੍ਹੀ, ਫੇਰ ਰੱਸਾ ਪਾ ਕੇ ਨਾਲ ਸੱਚੇ ਪਾਤਸ਼ਾਹ ਆ ਲੱਗੇ ਜਿਵੇਂ ਰੱਸਾ ਖਿੱਚਣ ਵਾਲੀ ਖੇਡ ਵਿਚ ਰੱਸਾ ਖਿੱਚੀਦਾ ਹੈ। ਗੱਡੀ ਪਾਰ ਹੋ ਗਈ, ਸਾਰੇ ਥੱਕ ਗਏ। ਬਚਨ ਹੋਇਆ, ਬੈਠ ਜਾਓ, ਸਾਹ ਲੈ ਲਈਏ। ਗਰੀਬ ਨਿਵਾਜ ਇਕ ਪੱਥਰ 'ਤੇ ਬੈਠ ਗਏ। ਮੈਂ ਵੇਖਿਆ ਕਿ ਮੌਕਾ ਵਧੀਆ ਹੈ, ਪੁਲ ਵਾਲੀ ਮਾਈ, ਹਰਬੰਸ ਸਿੰਘ ਹੁਰਾਂ ਦੀ ਮਾਤਾ ਨੇ ਦੋ ਅਨਾਰ ਦਿੱਤੇ ਸਨ, ਮੱਥਾ ਟੇਕਣ ਵਾਸਤੇ, ਮੈਂ ਮੱਥਾ ਟੇਕ ਕੇ ਅਰਜ਼ ਕੀਤੀ ਕਿ ਗਰੀਬ ਨਿਵਾਜ, ਮਾਈ ਪੁਲ ਵਾਲੀ ਨੇ ਅਨਾਰ

ਆਪ ਜੀ ਵਾਸਤੇ ਭੇਜੇ ਹਨ।

'ਹੁਣ ਵਕਤ ਨਹੀਂ, ਮੰਡੀ ਚੱਲਕੇ ਛਕਾਂਗੇ।' ਫੇਰ ਬਚਨ ਕੀਤਾ, 'ਤੁਹਾਨੂੰ ਪੱਕੀ ਕੀਤੀ ਸੀ ਸਵੇਰੇ ਸਾਜਰੇ ਤੁਰਿਓ, ਲੇਟ ਕਿਉਂ ਹੋ ਗਏ, ਜਿਵੇਂ ਹੁਕਮ ਹੋਵੇ, ਉਵੇਂ ਹੀ ਮੰਨੀਦਾ ਹੈ।' ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਾੜਨਾ ਵੀ ਕੀਤੀ ਤੇ ਸਮਝਾਇਆ ਵੀ। ਅਸੀਂ ਹੈਰਾਨ ਵੀ ਹੋਏ ਕਿ ਸਾਜਰੇ ਚੱਲਣ ਦਾ ਹੁਕਮ [illegible] ਬਾਬਾ [illegible] ਸੀ ਅਤੇ ਹੁਣ ਉਹੋ ਯਾਦ ਕਰਾ ਰਹੇ ਹਨ ਸਤਿਗੁਰੂ ਜੀ।

[illegible] ਜੋਤਿ ਦੋਇ ਮੂਰਤੀ' ਹਨ। ਇਹ ਗੱਲ ਵੀ ਪੂਰੀ ਹੋ [illegible] ਕਿਹਾ ਸੀ ਕਿ ਅੱਗੋਂ ਭੈਣੀ ਸਾਹਿਬੋਂ ਕੋਈ ਆਉਂਦਾ [illegible] ਤਾਂ [illegible] ਹੀ ਵਾਪਸ ਆ ਜਾਇਓ। ਬਾਬਾ ਜੀ ਨੂੰ ਤਾਂ ਪਹਿਲੋਂ [illegible] ਕਿ ਸਤਿਗੁਰੂ ਜੀ ਸਵੇਰੇ ਭੈਣੀ ਸਾਹਿਬੋਂ ਚੱਲਣਗੇ।

[illegible] ਨਿਵਾਜ ਮੰਡੀ ਪੁੱਜ ਗਏ। ਇਕ ਦਿਨ ਹੁਕਮ ਕੀਤਾ ਕਿ [illegible]ਕਿਸਤਾਨ 'ਚੋਂ ਸਿੱਖਾਂ ਨੂੰ ਕੱਢਣ ਲਈ ਮਿਲਟਰੀ ਨਾਲ ਸਿੰਘ ਭੇਜਣੇ ਹਨ। ਜੋ ਉਧਰੋਂ ਆਪਣੇ ਫਸੇ ਹੋਏ ਸਿੱਖਾਂ ਨੂੰ ਕੱਢਕੇ ਲਿਆਉਣ। ਸਤਿਗੁਰੂ ਜੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਹਾਲਾਤ ਮਾਰ-ਮਰਾਈ ਵਾਲੇ ਹਨ। ਹਿੰਮਤੀ ਅਤੇ ਹੌਂਸਲੇ ਵਾਲੇ ਸਿੰਘ ਨਾਮ ਲਿਖਵਾਉਣ।

'ਗਰੀਬ ਨਿਵਾਜ, ਮੈਂ ਤਿਆਰ ਹਾਂ, ਮੇਰਾ ਨਾਮ ਲਿਖ ਲਵੋ।' ਖੁਸ਼ੀਆਂ ਦਾ ਲਾਹਾ ਲੈਣ ਲਈ ਮੈਂ ਅਰਜ਼ ਕੀਤੀ।

'ਤੇਰੀ ਏਥੇ ਲੋੜ ਹੈ, ਓਧਰ ਸੋਭਾ ਸਿੰਘ ਜਾਵੇ।' ਗਰੀਬ ਨਿਵਾਜ ਨੇ ਫੁਰਮਾਇਆ।

ਮਾਲੂਵਾਲ ਵਾਲੀਆਂ ਬੀਬੀਆਂ ਅਰਜ਼ ਕੀਤੀ ਕਿ 'ਗਰੀਬ ਨਿਵਾਜ਼ ਅਮਰ ਸਿੰਘ ਓਧਰ ਫਸ ਗਿਆ ਹੈ, ਕਾਫ਼ਲੇ ਵੱਢੀਦੇ ਹਨ ਕਿਰਪਾ ਕਰੋ, ਉਸਦੀ ਰੱਛਿਆ ਕਰੋ।'

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਹੁਕਮ ਕਰਕੇ ਕੜਾਹ ਪ੍ਰਸ਼ਾਦ ਕਰਵਾਇਆ- ਅਰਦਾਸ ਕਰਵਾਈ ਅਮਰ ਸਿੰਘ ਦੀ ਰੱਛਿਆ ਨਮਿਤ। ਸ਼ਾਮੀਂ ਚਾਰ ਵਜੇ ਸੱਚੇ ਪਾਤਸ਼ਾਹ ਜੀ ਨੇ ਆਪ ਪ੍ਰਸ਼ਾਦ ਵਰਤਾਇਆ। ਮਹੀਨੇ ਕੁ ਬਾਅਦ ਜਦੋਂ ਅਮਰ ਸਿੰਘ ਆਇਆ ਉਸ ਦੱਸਿਆ ਕਿ ਕਾਫਲਾ ਵੱਢਿਆ-ਟੁੱਕਿਆ ਜਾ ਰਿਹਾ ਸੀ। ਉਸੇ ਦਿਨ ਜਦੋਂ ਸੱਚੇ ਪਾਤਸ਼ਾਹ ਏਧਰ ਕੜਾਹ ਵਰਤਾਇਆ ਓਧਰ

ਮਿਲਟਰੀ ਆ ਗਈ। ਅਸੀਂ ਬਚ ਗਏ, ਅੱਧਾ ਘੰਟਾ ਮਿਲਟਰੀ ਨਾ ਆਉਂਦੀ ਤਾਂ ਅਸੀਂ ਵੀ ਮਾਰੇ ਜਾਂਦੇ।

ਸੰਤ ਕਸ਼ਮੀਰਾ ਸਿੰਘ ਜੀ ਲੰਮਾ ਸਮਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਵੀ ਵੱਡੇ ਬਾਬਾ ਜੀ ਨਾਲ ਰਹੇ, ਜੋ ਵੀ ਸੇਵਾ ਹੁਕਮ ਹੋਵੇ ਕਰਨੀ ਜੀਪ ਵੀ ਚਲਾਉਣੀ, ਮਕੈਨਕੀ ਵੀ ਸਿੱਖੀ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਕਈ ਵੇਰ ਬਚਨ ਕਰਿਆ ਕਰਦੇ ਸਨ। ਮੇਰੇ ਤਿੰਨ ਸ਼ਾਗਿਰਦ ਨੇ- [illegible] ਸਿੰਘ, ਅਮਰ ਸਿੰਘ ਅਤੇ ਕਸ਼ਮੀਰਾ ਸਿੰਘ- ਇਨ੍ਹਾਂ ਤਿੰਨਾਂ ਦੇ ਬੱਚੇ [illegible] ਸਾਂਭਣੇ ਪਏ ਹਨ। ਅਸੀਂ ਭਗਵਾਨ ਕ੍ਰਿਸ਼ਨ ਦੀ ਕਥਾ ਸੁਣਦੇ ਹਾਂ [illegible] ਸੁਦਾਮੇਂ ਦੀ ਗਰੀਬੀ ਕੱਟ ਦਿੱਤੀ ਆਪਣੇ ਬਾਲ ਸਖਾ ਨਾਲ ਯਾਰੀ ਨਿ[illegible] ਸਤਿਗੁਰੂ ਜਗਜੀਤ ਸਿੰਘ ਦੇ ਸੁਦਾਮੇਂ ਵੇਖੀਏ ਤਾਂ ਗਿਣੇ ਹੀ ਨਾ ਜਾ[illegible] ਨਾਮਧਾਰੀ ਸਿੱਖਾਂ ਵਿਚ ਹੀ ਨਹੀਂ ਸਗੋਂ ਜੋ ਵੀ, ਕਿਸੇ ਵੀ ਧਰਮ ਦਾ [illegible] ਆਪਦੀ ਸਰਣ ਆਇਆ, ਉਸਨੂੰ ਇਵੇਂ ਨਿਵਾਜਿਆ ਕਿ ਫੇਰ ਹੋਰ ਕਿਸੇ [illegible] ਜਾਣ ਦੀ ਲੋੜ ਹੀ ਨਹੀਂ ਪਈ।

ਸਤਿਗੁਰੂ-ਸੱਚੇ ਪਾਤਸ਼ਾਹ ਨੇ ਕਿਰਪਾ ਕਰਕੇ ਕਈ ਕੌਤਕ ਵਿਖਾਏ। ਦੱਸਦੇ ਹਨ ਕਿ ਇਕ ਵੇਰ ਵੱਡੇ ਬਾਬਾ ਜੀ ਹੁਕਮ ਕੀਤਾ- 'ਕਸ਼ਮੀਰਾ ਸਿੰਘ ਜਾਓ ਪ੍ਰੀਤਮ ਸਿੰਘ ਨੂੰ ਬੁਲਾ ਕੇ ਲਿਆਓ-' ਮੈਨੂੰ ਖਾਰਸ਼ ਹੋਈ ਸੀ- ਚਿੱਟੇ ਫਲੂਏ ਨਿਕਲੇ ਹੋਏ ਸਨ। ਉਥੇ ਇਕ ਸਿੰਘ ਸੀ। ਆਖਣ ਲੱਗਾ ਮੇਰੇ ਪਾਸ ਖਾਰਸ਼ ਦੀ ਬਹੁਤ ਵਧੀਆ ਦਵਾਈ ਹੈ।

'ਮੇਰੇ ਪਾਸ ਉਸਤੋਂ ਵੀ ਵਧੀਆ ਦਵਾਈ ਹੈ।' ਵੱਡੇ ਬਾਬਾ ਜੀ ਨੇ ਹੱਸਦਿਆਂ-ਹੱਸਦਿਆਂ ਬਚਨ ਕੀਤਾ।

ਉਸ ਸਿੰਘ ਨੇ ਕਿਹਾ ਕਿ ਆਪ ਜੀ ਹੀ ਦੱਸ ਦਿਉ।

'ਸ਼ੱਕਰ ਰੱਜ ਕੇ ਖਾਈਏ ਤਾਂ ਖਾਰਸ਼ ਜਾਂਦੀ ਨਹੀਂ ਲੱਭਦੀ।'

ਵੱਡੇ ਬਾਬਾ ਜੀ ਨੇ ਫੇਰ ਉਸੇ ਹਾਸ-ਵਿਅੰਗ 'ਚ ਬਚਨ ਕੀਤਾ। ਪਿਤਾ ਜੀ ਦਸਦੇ ਸਨ ਕਿ ਮੈਂ ਹੁਕਮ ਅਨੁਸਾਰ ਸੰਤ ਪ੍ਰੀਤਮ ਸਿੰਘ ਜੀ ਨੂੰ ਸੁਨੇਹਾ ਦੇਣ ਬੱਸ 'ਤੇ ਗਿਆ- ਰਸਤੇ 'ਚ ਬੱਸ ਰੁਕੀ, ਮੈਨੂੰ ਭੁੱਖ ਬੜੀ ਲੱਗੀ ਸੀ- ਉਥੋਂ ਖਾਣ ਲਈ ਕੁਝ ਪੁੱਛਿਆ- ਸ਼ੱਕਰ ਹੀ ਮਿਲੀ- ਰੱਜ ਕੇ ਸ਼ੱਕਰ ਖਾ ਕੇ ਪਾਣੀ ਪੀ ਲਿਆ। ਅੱਗੇ ਸ਼ਾਮ ਨੂੰ ਘਰ ਵਾਲਿਆਂ ਸ਼ੱਕਰ-ਘਿਉ ਨਾਲ ਪ੍ਰਸ਼ਾਦਾ ਦਿੱਤਾ ਅਤੇ ਦੁੱਧ

ਵਿਚ ਵੀ ਸ਼ੱਕਰ ਹੀ ਪਾਈ। ਅਗਲੇ ਦਿਨ ਵਾਪਸੀ ਤੇ ਵੀ ਐਸਾ ਹੀ ਸਬੱਬ ਬਣਿਆ ਕਿ ਉਸੇ ਅੱਡੇ ਤੋਂ ਫੇਰ ਸ਼ੱਕਰ ਲੈ ਕੇ ਪਾਣੀ ਪੀਤਾ। ਘਰ ਪਹੁੰਚਣ ਤੱਕ ਨਾ ਖਾਰਸ਼ ਦੀ ਪਰੇਸ਼ਾਨੀ, ਨਾ ਕੋਈ ਫਲੂਹੇ। ਇਹ ਹੈ- ਸਤਿਗੁਰਾਂ ਦੇ ਸਹਿਜ-ਸੁਭਾਅ ਬੋਲਿਆਂ ਦਾ ਪ੍ਰਤਾਪ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਵੀ ਇਕ ਘਟਨਾ [illegible] ਦੇ ਹਨ ਪਿਤਾ ਜੀ- 'ਕੁਝ ਮਹੀਨੇ ਹੀ ਹੋਏ ਸਨ, ਅਟੱਲ-ਪ[illegible]ਪੀ [illegible] ਜੋਤੀ-ਜੋਤਿ ਸਮਾਇਆਂ ਨੂੰ। ਇਕ ਰਾਤ ਸੁਪਨੇ ਵਿਚ [illegible] ਤਬੇਲੇ [illegible] ਦੀ ਖੇਲ ਪਾਸ ਪਏ ਬੈਂਚ ਤੇ ਬੈਠਾ ਹਾਂ, ਨਾਲ ਇਕ [illegible]ਾਰ, [illegible] ਮਹੀਨ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀਪ ਤੇ ਆਏ [illegible] ਹਾਦਰ [illegible] ਹੋਏ ਹੈ, ਨਾਲ ਸੰਤ ਬਸੰਤ ਸਿੰਘ ਹਨ। ਗੱਡੀ ਰੁਕੀ, ਸੱਚੇ [illegible]ਸ਼ਾਹ ਧਾ[illegible] [illegible], ਅਸਾਂ ਦੋਹਾਂ ਨੇ ਚਰਨ-ਕਵਲਾਂ ਤੇ ਨਮਸਕਾਰ ਕੀਤੀ। ਗਰੀਬ ਨਿਵਾਜ਼ ਜੀ ਬਸੰਤ ਸਿੰਘ ਜੀ ਨੂੰ ਹੌਲੀ ਜਹੇ ਉਸ ਗ਼ੈਰ ਨਾਮਧਾਰੀ ਸਿੰਘ ਬਾਰੇ ਪੁੱਛਦੇ ਹਨ। ਬਸੰਤ ਸਿੰਘ ਨੇ ਵੀ ਬੜੀ ਮੱਧਮ ਆਵਾਜ਼ ਵਿਚ ਹੀ ਦੱਸਿਆ। ਦਿਨ ਚੜ੍ਹਿਆ ਖ਼ੁਸ਼ੀ ਹੋਈ ਕਿ ਸਤਿਗੁਰੂ ਜੀ ਦੇ ਦਰਸ਼ਨ ਹੋਏ। ਸੰਜੋਗ-ਵੱਸ ਦਿਨੇ ਮੈਂ ਉਸੇ ਪਾਸੇ ਗਿਆ, ਤਬੇਲੇ ਦੇ ਸਾਮ੍ਹਣੇ, ਖੇਲ ਪਾਸ ਪਏ ਬੈਂਚ ਤੇ ਜਾ ਬੈਠਾ, ਉਹੋ ਸਿੰਘ ਗੈਰ ਨਾਮਧਾਰੀ ਵੀ ਆ ਬੈਠਾ, ਕੋਠੀ ਵਲੋਂ ਜੀਪ ਆਈ, ਉਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਹਨ, ਨਾਲ ਬਸੰਤ ਸਿੰਘ ਜੀ, ਨੇੜੇ ਆਏ ਗੱਡੀ ਰੁਕੀ, ਅਸਾਂ ਮੱਥਾ ਟੇਕਿਆ। ਸਤਿਗੁਰੂ ਜੀ ਨੇ ਉਸੇ ਤਰ੍ਹਾਂ ਬਸੰਤ ਸਿੰਘ ਨੂੰ ਪੁੱਛਿਆ, ਉਨ੍ਹਾਂ ਉਸ ਸਿੰਘ ਬਾਰੇ ਦੱਸਿਆ। ਸਤਿਗੁਰੂ ਸੱਚੇ ਪਾਤਸ਼ਾਹ ਐਸਾ ਕੌਤਕ ਵਖਾਇਆ ਕਿ ਰਾਤ ਸੁਪਨੇ ਦਾ ਅਤੇ ਦਿਨੇ ਪ੍ਰਤੱਖ ਘਟਨਾ ਦਾ ਜੇ ਫ਼ਰਕ ਹੈ ਤਾਂ ਬਸ ਏਨਾ ਹੀ ਕਿ ਸੁਪਨੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ ਅਤੇ ਦਿਨੇ ਪ੍ਰਤੱਖ ਰੂਪ 'ਚ ਵਾਪਰੀ ਘਟਨਾ ਵਿਚ ਸਤਿਗੁਰੂ ਜਗਜੀਤ ਸਿੰਘ ਜੀ। ਬਾਕੀ ਸਭ ਕੁਝ ਇਨ-ਬਿਨ ਉਵੇਂ ਹੀ ਹੈ। ਮਨ ਹੋਰ ਵੀ ਦ੍ਰਿੜ੍ਹ ਹੋ ਗਿਆ ਕਿ- ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਏ।'

ਸੰਤ ੧੯੭੪ ਈ. ਸੰਤ ਨਗਰ ਅੱਸੂ ਦੇ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਛਤਰ ਛਾਇਆ ਹੇਠ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੇ ਭੋਗ ਪਾਏ ਗਏ। ਮੇਲੇ ਦੇ ਆਖ਼ਰੀ ਦਿਨਾਂ ਵਿਚ ਗਰੀਬ

ਨਿਵਾਜ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਜੇ ਜ਼ਿਮੀਂਦਾਰ ਸਾਉਣੀ ਦੀ ਫ਼ਸਲ ਵੱਢ ਲੈਂਦਾ ਹੈ ਤਾਂ ਉਸੇ ਵੇਲੇ ਹਾੜ੍ਹੀ ਬੀਜਣ ਦੀ ਤਿਆਰੀ ਕਰ ਲੈਂਦਾ ਹੈ। ਆਪਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲੱਖ ਪਾਠਾਂ ਦੀ ਇਕ ਲੜੀ ਦਾ ਭੋਗ ਪਾਇਆ ਹੈ। ਅਗਲੇ ਸ਼ੁਰੂ ਕਰਨ ਦੀ ਤਿਆਰੀ ਹੈ। ਸਿੰਘ ਨਾਮ ਲਿਖਵਾਉ। ਇਕ ਸਾਲ ਸ੍ਰੀ ਭੈਣੀ ਸਾਹਿਬ ਰਹਿ ਕੇ ਪਾਠ ਕਰਨੇ ਹਨ। ਜੀਵਨ ਨਗਰੋਂ ਕਿਸੇ ਨੇ ਨਾਮ ਨਾ ਲਿਖਵਾਇਆ। ਸੁਖਦੇਵ ਭਾਜੀ ਨੌਵੀਂ ਕਲਾਸ ਵਿਚ ਪੜ੍ਹਦੇ ਸਨ। ਪਿਤਾ ਜੀ ਨੇ ਕਿਹਾ, 'ਕਾਕਾ ਜੇ ਇਕ ਸਾਲ ਫੇਲ੍ਹ ਹੋ ਜਾਈਏ ਤੇ ਜਰੀਦਾ ਹੈ- ਤੂੰ ਨਾਮ ਲਿਖਵਾ, ਸਤਿਗੁਰਾਂ ਦੀਆਂ ਖੁਸ਼ੀਆਂ ਲੈ- ਖੁਸ਼ੀ ਕੋਈ ਮੁੱਲ ਨਹੀਂ।' ਪਹਿਲੇ ਸਵਾ ਲੱਖ ਪਾਠਾਂ ਦੇ ਭੋਗਾਂ ਸਮੇਂ ਵਿਦਿਆ ਵਿਦਿਆਰਥੀ ਵੀ ਲੱਗੇ, ਉਨ੍ਹਾਂ ਵਿਚ ਗੁਰਚਰਨ ਸਿੰਘ ਪੇਠਾ, ਸੁਖਦੇਵ ਸਿ ਅਤੇ ਮੈਂ ਵੀ ਲੱਗਿਆ। ਜਦੋਂ ਸੁਖਦੇਵ ਭਾਜੀ ਨੇ ਭੈਣੀ ਸਾਹਿਬ ਪਾਠਾਂ ਦੀ ਸੇ ਵਾਸਤੇ ਨਾਮ ਲਿਖਵਾਇਆ, ਗਰੀਬ ਨਿਵਾਜ ਬੜੀਆਂ ਖੁਸ਼ੀਆਂ ਬਖਸ਼ੀ ਭਰੇ ਦੀਵਾਨ ਵਿਚ ਬਚਨ ਕੀਤਾ, ਕਸ਼ਮੀਰਾ ਸਿੰਘ ਦੇ ਮੁੰਡੇ ਨੇ ਜੀਵਨ ਨਗਰ ਦੀ ਰੱਖ ਵਿਖਾਈ ਹੈ।

ਅੱਸੂ ਦੇ ਮੇਲੇ ਤੋਂ ਬਾਅਦ ਸੁਖਦੇਵ ਭਾਜੀ ਭੈਣੀ ਸਾਹਿਬ ਚਲੇ ਗਏ। ਹੌਲੇ ਮਹੱਲੇ ਤੇ ਬੀਬੀਆਂ ਨੂੰ ਵੀ ਹੁਕਮ ਹੋ ਗਿਆ- ਸਾਡੇ ਬੀਜੀ- ਬੀਬੀ ਬਲਬੀਰ ਕੌਰ ਤੇ ਤਿੰਨੇ ਭੈਣਾਂ ਵੀ ਪਾਠਾਂ ਵਿਚ ਚਲੇ ਗਏ। ਮਗਰ ਰਹਿ ਗਏ, ਪਿਤਾ ਜੀ ਮੈਂ ਤੇ ਰਛਪਾਲ ਸਿੰਘ। ਮਾਰਚ ਤੋਂ ਬਾਅਦ ਸਾਉਣੀ ਬੀਜੀ, ਕੁਝ ਆਪਣੀ ਜ਼ਮੀਨ ਸੀ ਪੰਜ ਕਿੱਲੇ ਮੁਸੱਵਰ ਵਰਿਆਮ ਸਿੰਘ ਵਾਲੀ ਪੈਲੀ ਠੇਕੇ ਤੇ ਲਈ ਸੀ- ਕਣਕ ਬੀਜੀ, ਅਜੇ ਵੱਟਾਂ ਪਾਉਣੀਆਂ ਸਨ। ਸਤਿਗੁਰੂ-ਸੱਚੇ ਪਾਤਸ਼ਾਹ ਜੀ ਦਾ ਹੁਕਮ ਆ ਗਿਆ ਕਿ ਬੰਗਲੌਰ ਫਾਰਮ ਤੇ ਇਕ ਸਾਲ ਲਈ ਸੇਵਾ ਕਰਨ ਜਾਣਾ ਹੈ ਮੈਂ ਬਾਰ੍ਹਾਂ ਕੁ ਸਾਲ ਦਾ ਸਾਂ, ਰਛਪਾਲ ਸਿੰਘ ਨੌ ਸਾਲ ਦੇ ਸਨ। ਪਿਤਾ ਜੀ ਸਾਨੂੰ ਦੋਹਾਂ ਨੂੰ ਘਰ ਛਡ ਕੇ ਬੰਗਲੌਰ ਚਲੇ ਗਏ। ਕਰੀਬ ਤਿੰਨ ਦਿਨਾਂ ਤੋਂ ਬਾਅਦ ਭੈਣੀ ਸਾਹਿਬ ਤੋਂ ਬੀਜੀ ਅਤੇ ਸੁਖਦੇਵ ਭਾਜੀ ਜੀਵਨ ਨਗਰ ਸਾਡੇ ਪਾਸ ਪੁੱਜ ਗਏ। ਪਰ ਪਿਤਾ ਜੀ ਨੇ ਸੀਅ ਨਹੀਂ ਕੀਤੀ- ਹੁਕਮ ਸਿਰ ਮੱਥੇ ਮੰਨਿਆ।

ਮੈਨੂੰ ਯਾਦ ਹੈ, ਸਾਡੀ ਮੱਝ ਸੂਈ ਨੂੰ ਵੀਹ ਕੁ ਦਿਨ ਹੀ ਹੋਏ ਸਨ- ਅਸੀਂ ਖੀਰ ਬਣਾਈ, ਗੁੜ ਦਾ ਮਿਠਾ ਪਾਇਆ, ਉਹ ਬੌਲ੍ਹੀ ਵੀ ਬਣ ਗਈ ਤੇ ਖੀਰ ਵੀ,

ਅਸੀਂ ਵੀ ਤੇ ਪ੍ਰੇਮ ਸਿੰਘ (ਸੋਗੀ) ਨੇ ਵੀ ਉਹੋ ਖਾਧੀ।

ਘਰ ਦਾ ਕੋਈ ਕੰਮ ਹੋਵੇ ਜਾਂ ਨਾ, ਫਸਲ ਦਾ ਪੂਰਾ ਦਸਵੰਧ ਕੱਢ ਕੇ ਫੇਰ ਫ਼ਸਲ ਵੇਚਣੀ ਜਾਂ ਘਰ ਦਾਣੇ ਵਰਤਣੇ।

ਸੰਤ ਮੇਵਾ ਸਿੰਘ ਜੀ 'ਚੱਕੀ ਵਾਲੇ, ਜੋ ਅੱਜ ਕੱਲ੍ਹ ਸ੍ਰੀ ਭੈਣੀ ਸਾਹਿਬ ਰਹਿ ਰਹੇ ਹਨ, ਦਸਦੇ ਹਨ ਕਿ ਇਕ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਜੀਪ ਤੇ [illegible]ਸਤਾਨ[illegible] ਪਾਸ ਗੱਡੀ ਖੜ੍ਹੀ ਸੀ ਨਾਲ ਅਮਰ ਸਿੰਘ [illegible] ਦਾਦ[illegible] ਜੀ ਆਪਣੇ ਘਰ ਵਲੋਂ ਆ ਰਹੇ ਸਨ, ਜੇਸ [illegible] ਘਰ [illegible]ਤਸ਼ਾਹ ਜੀ ਨੂੰ ਖਲੋਤੇ ਵੇਖਿਆ ਤਾਂ ਚਰਨ [illegible] ਵੇਖ ਕੇ ਬਚਨ ਕੀਤਾ "ਅਮਰ ਸਿਆਂ, [illegible] ਦੀ ਗਰੀਬੀ ਕੱਟ ਦਿਆਂ।"

ਫੇਰ [illegible] ਕੇਵਲ ਕਰਾਮਾਤੀ ਸ਼ਕਤੀ ਨਾਲ ਹੀ ਗਰੀਬੀ ਨਹੀਂ ਕੱਟੀ, ਸਗੋਂ ਆਪਣੇ ਪਾਸੋਂ ਪੈਸੇ ਦੇ ਕੇ ਕਰਜਾ ਲਾਹਿਆ। ਫੇਰ ਆਪਣੇ ਪਾਸ ਸ੍ਰੀ ਭੈਣੀ ਸਾਹਿਬ ਲੈ ਆਏ, ਆਪਣੇ ਸੁਦਾਮੇ ਦੇ ਗਰੀਬੀ ਵਿਚ ਦਿਨ ਕੱਟਦੇ ਬੱਚਿਆਂ ਨੂੰ ਆਪਣੇ ਹਜੂਰੀ ਸੇਵਕ ਲਾ ਲਿਆ– ਦੁਨੀਆਂ ਭਰ ਦੀਆਂ ਸੈਰਾਂ ਕਰਵਾਈਆਂ– ਮੰਗਨ ਤੋਂ ਬਿਨਾਂ ਅਤੇ ਉਮੀਦ ਤੋਂ ਕਿਤੇ ਵੱਧ ਸੁਖ ਬਖਸ਼ੇ, ਸਮਾਜ ਵਿਚ ਇੱਜ਼ਤ-ਮਾਣ ਬਖਸ਼ਿਆ– ਇਹੋ ਹੀ ਕਹਿ ਸਕਦੇ ਹਾਂ– 'ਐਸੀ ਲਾਲ ਤੁਝ ਬਿਨੁ ਕਉਨੁ ਕਰੈ' ਜਾਂ 'ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ।'

ਜਿਸ ਨਾਮਧਾਰੀ ਫਾਰਮ ਬੰਗਲੌਰ ਵਿਚ ਸੰਤ ਜੀ ਦੋ ਵੇਰ ਸਾਲ-ਸਾਲ ਭਰ ਸੇਵਾ ਕਰਨ ਗਏ ਸਨ, ਜਦੋਂ ਫਾਰਮ ਅਜੇ ਆਬਾਦ ਨਹੀਂ ਸੀ ਪਰ ਦਹਾਕੇ ਬੀਤਣ ਬਾਅਦ ਜਦੋਂ ਇਹ ਫਾਰਮ ਇਕ ਮਾਡਲ ਫਾਰਮ ਬਣ ਗਿਆ ਤਾਂ ਸੰਨ 2005 ਵਿਚ ਗਰੀਬ ਨਿਵਾਜ ਬੰਗਲੌਰ ਦਰਸ਼ਨ ਦਿੱਤੇ। ਉਚੇਚਾ ਹੁਕਮ ਕਰਕੇ ਜਹਾਜ ਤੇ ਕਸ਼ਮੀਰਾ ਸਿੰਘ ਜੀ ਨੂੰ ਫਾਰਮ ਤੇ ਬੁਲਾਇਆ ਕਿ ਵੇਖ ਇਹ ਉਹੀ ਫਾਰਮ ਹੈਣ, ਛੋਟੇ ਕਾਕੇ (ਸ੍ਰੀ ਊਦੈ ਸਿੰਘ ਜੀ ਵਰਤਮਾਨ ਸਤਿਗੁਰੂ) ਨੇ ਕਿੰਨਾ ਸੋਹਣਾ ਬਣਾ ਦਿੱਤਾ ਹੈ।'

ਸਾਨੂੰ ਸਾਰੇ ਪਰਵਾਰ ਨੂੰ ਸਤਿਗੁਰੂ ਜੀ ਹੁਕਮ ਕਰਕੇ 1977 ਈ. 'ਚ ਸ੍ਰੀ ਭੈਣੀ ਸਾਹਿਬ ਲੈ ਆਏ ਸਨ ਪਰ ਪਿਤਾ ਜੀ ਅਜੇ ਜੀਵਨ ਨਗਰ ਘਰੇ ਹੀ ਰਹਿੰਦੇ

ਸਨ। ਕਰੀਬ 1986 ਦੀ ਘਟਨਾ ਹੈ। ਪਿਤਾ ਜੀ ਦਸਦੇ ਹਨ ਕਿ ਰਾਤ ਨੂੰ ਸੁਪਨੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ, ਗਰੀਬ ਨਿਵਾਜ ਨੇ ਬਚਨ ਕੀਤਾ- 'ਹੁਣ ਤੂੰ ਮੇਰੇ ਪਾਸ ਭੈਣੀ ਸਾਹਿਬ ਆ ਜਾ।' ਦਿਨ ਚੜ੍ਹਿਆ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ ਜੀ ਦੀ ਚਿੱਠੀ ਆ ਗਈ ਕਿ ਸਤਿਗੁਰੂ ਸੱਚੇ ਪਾਤਸ਼ਾਹ ਯਾਦ ਕੀਤਾ ਹੈ। ਹੁਕਮ ਸਤਿ ਕਹਿ ਅਗਲੇ ਦਿਨ ਸ੍ਰੀ ਭੈਣੀ ਸਾਹਿਬ ਆਏ- ਸਰੋਵਰ ਕੰਢੇ ਦੀਵਾਨ ਵਿਚ ਸਤਿਗੁਰੂ ਜੀ ਦਰਸ਼ਨ ਦੇ ਰਹੇ ਸਨ। ਮੱਥਾ ਟੇਕਿਆ, ਦੀਨ ਦਿਆਲ ਜੀ ਬ... ...ਕੀਤਾ 'ਆ ਗਿਆ ਹੈਂ, ਹੁਣ ਏਥੇ ਸਾਡੇ ਪਾਸ ਹੀ ਰਹਿਣਾ ਹੈ।'

ਸੱਤ ਬਚਨ ਕਹਿ ਫੇਰ ਸ੍ਰੀ ਭੈਣੀ ਸਾਹਿਬ ਹੀ ਰਹੇ ... ਸਮੇਂ ਜਨਰੇਟਰ ਚਲਾਉਣ ਦੀ ਸੇਵਾ ਵੀ ਨਿਭਾਈ।

ਆਪ ਦਾ ਫੁਰਤੀਲਾ ਇਕਹਿਰਾ ਸਰੀਰ, ਪੁਰਾਤਨ ਸਿੰ... ...ਹਾ ਖੁੱਲ੍ਹਾ ਦਾੜ੍ਹਾ, ਸਾਦਾ, ਸਵੱਛ, ਸਫੇਦ ਗੁਰਮੁਖੀ ਪਹਿਰਾਵਾ, ਬਾ-ਦਲ... , ਸਪੱਸ਼ਟ-ਗੱਲਬਾਤ, ਸੇਵਾ ਅਤੇ ਪਰਉਪਕਾਰ ਲਈ ਹਮੇਸ਼ਾ ਤੱਤਪਰ। ਗੁਰਸਿੱਖ ਮਿਲ ਜਾਵੇ ਤਾਂ ਸਤਿਗੁਰ-ਸਾਖੀਆਂ ਕਰਦਿਆਂ- ਸਮੇਂ ਦਾ ਬੰਧਨ ਕਦੇ ਰੁਕਾਵਟ ਨਾ ਬਣਦਾ। ਕਸਰਤ ਕਰਨੀ, ਸਾਦਾ ਸਵੱਛ ਭੋਜਨ ਛਕਣਾ, ਦੁਨੀਆਂ ਦੀਆਂ ਰੰਗ ਰਲੀਆਂ ਤੋਂ ਕੋਹਾਂ ਦੂਰ, ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹੁਕਮ ਮੰਨਣ ਲਈ ਹਮੇਸ਼ਾ ਤਤਪਰ ਰਹਿਣਾ, ਸੰਤ ਕਸ਼ਮੀਰਾ ਸਿੰਘ ਜੀ ਦਾ ਸਹਿਜ-ਸੁਭਾਅ ਸੀ। ਇਹ ਇਕ ਇਤਿਹਾਸਿਕ ਗੱਲ ਹੈ ਕਿ ਸੰਤ ਕਸ਼ਮੀਰਾ ਸਿੰਘ ਦੇ ਤਿੰਨਾਂ ਪੁੱਤਰਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ।

ਜਿਨ੍ਹਾਂ ਰਿਸ਼ਤਿਆਂ ਵਿਚ ਮਾਧਿਅਮ ਸਤਿਗੁਰੂ ਬਣ ਜਾਵੇ ਉਹ ਹੋਰ ਵੀ ਗੂੜ੍ਹੇ ਹੋ ਜਾਂਦੇ ਸਨ। ਬੇਸ਼ਕ ਆਪਣੇ ਪਿਤਾ-ਮਾਤਾ ਦੀ ਸੇਵਾ ਕਰਨੀ ਵੀ ਬੱਚੇ ਆਪਣਾ ਸੁਭਾਗ ਸਮਝਦੇ ਹਨ- ਇਕ ਪਵਿੱਤਰ ਫਰਜ਼ ਹੈ। ਪਰ ਜਦੋਂ ਪਿਤਾ-ਗੁਰੂ ਦਾ ਪਿਆਰਾ ਸਿੱਖ ਹੋਵੇ ਤਾਂ ਉਸਦੀ ਸੇਵਾ ਇਕ ਪੁੰਨ ਕਰਮ ਹੋ ਜਾਂਦਾ ਹੈ। ਵੱਡੇ ਭਾਜੀ ਸੁਖਦੇਵ ਸਿੰਘ ਆਖਣ ਲੱਗੇ- ਸੱਚੇ ਪਾਤਸ਼ਾਹ ਬਚਨ ਕਰਿਆ ਕਰਦੇ ਸਨ- 'ਮੇਰੇ ਤਿੰਨ ਸ਼ਾਗਿਰਦ ਹਨ- ਲਛਮਣ ਸਿੰਘ, ਅਮਰ ਸਿੰਘ ਅਤੇ ਕਸ਼ਮੀਰਾ ਸਿੰਘ। ਏਨਾਂ ਦੇ ਬੱਚੇ ਵੀ ਮੈਨੂੰ ਹੀ ਸਾਂਭਣੇ ਪਏ ਹਨ।' ਪਿਤਾ ਜੀ ਦੀ ਸੇਵਾ, ਸੱਚੇ ਪਾਤਸ਼ਾਹ ਜੀ ਦੇ ਸ਼ਾਗਿਰਦ ਦੀ ਸੇਵਾ ਵੀ ਹੈ, ਜਿਹੜਾ ਕਿ ਇਕ ਪੁੰਨ ਕਰਮ ਵੀ

ਹੈ। ਆਪ ਦੇ ਪੁਤ੍ਰ ਸੁਖਦੇਵ ਸਿੰਘ, ਪੋਤਰੇ ਰਤਨ ਸਿੰਘ ਨੇ ਵੀ ਆਖਰੀ ਦਿਨਾਂ ਵਿਚ ਬਹੁਤ ਸੇਵਾ ਕੀਤੀ। ਪੋਤਰੇ ਹਾਕਮ ਸਿੰਘ, ਹਰਦਿਆਲ ਸਿੰਘ ਵੀ ਜਦੋਂ ਸਮਾਂ ਮਿਲੇ ਦਾਦੇ ਦੀ ਸੇਵਾ ਵਿਚ ਹਾਜ਼ਰ ਹੁੰਦੇ।

ਸੁਆਸ ਪੂਰੇ ਹੋਣ ਤੋਂ ਪਹਿਲਾਂ ਦੂਸਰੀ ਰਾਤ ਮੈਂ (ਹਰਪਾਲ ਸਿੰਘ) ਪਾਸ ਸਾਂ, ਪਿਤਾ ਜੀ ਨੂੰ ਵੀ ਨੀਂਦ ਨਹੀਂ ਸੀ ਆਈ- ਅੱਧੀ ਰਾਤ ਪੌਣੇ ਬਾਰਾਂ ਤੋਂ ਇਕ ਵਜੇ ਤੱਕ [illegible] ਅਤੇ ਸਤਿਗੁਰਾਂ ਦੇ ਬਚਨ-ਬਿਲਾਸ ਸੁਣਦੇ [illegible] ਰਹੇ [illegible] ਰਡ ਵੀ ਕਰ ਲਏ। ਉਨ੍ਹਾਂ ਦੇ ਆਧਾਰ 'ਤੇ [illegible] ਇਸ [illegible] ਹਫ਼ਤੇ ਵਿਚ ਸ੍ਰੀ ਮਾਤਾ ਚੰਦ ਕੌਰ ਜੀ [illegible] ਘਰ [illegible] ਨੇ ਅਰਜ਼ ਕੀਤੀ, 'ਮਾਤਾ ਜੀ ਕਿਰਪਾ [illegible], ਮੇਰੇ [illegible] ਨੇ ਦੋਵੇਂ ਹੱਥ ਰੱਖ ਕੇ ਨਿਵਾਜਿਆ।

26 [illegible] ਕੁ ਪੰਜ ਵਜੇ ਸੁਖਦੇਵ ਭਾਜੀ ਨੂੰ ਆਖਣ ਲੱਗੇ। ਟੈਲੀਫੋਨ [illegible] ਸਤਿਗੁਰਾਂ ਨੂੰ ਅਰਜ਼ ਕਰੋ ਮੇਰੇ ਸਾਰੇ ਗੁਨਾਹ ਮਾਫ ਕਰ ਦੇਣ। ਉਸੇ ਵੇਲੇ ਫੋਨ ਮਿਲਾਇਆ। ਬੀਬੀ ਜੀ ਨੇ ਚੁੱਕਿਆ ਉਨ੍ਹਾਂ ਅਰਜ਼ ਕਰਵਾਈ- ਸੁਖਦੇਵ ਭਾਜੀ ਨੇ ਅਰਜ਼ ਕੀਤੀ ਕਿ ਪਿਤਾ ਜੀ ਕਹਿੰਦੇ ਹਨ, 'ਮੇਰੇ ਸਾਰੇ ਗੁਨਾਹ ਮਾਫ਼ ਕਰ ਦਿਉ।'

ਸਤਿਗੁਰੂ ਉਦੇ ਸਿੰਘ ਜੀ ਨੇ ਬਚਨ ਕੀਤਾ- ਸੰਤਾਂ ਨੂੰ ਕਹੋ, ਤੁਸੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ 'ਚ ਸੇਵਾ ਕੀਤੀ, ਸਤਿਗੁਰੂ ਜਗਜੀਤ ਸਿੰਘ ਜੀ ਨਿਕਟਤਾ ਮਾਣੀ ਹੈ, ਖੁਸ਼ੀਆਂ ਲਈਆਂ ਹਨ। ਮੈਨੂੰ ਤੇ ਤੁਹਾਡਾ ਕੋਈ ਗੁਨਾਹ ਜਾਪਦਾ ਹੀ ਨਹੀਂ, ਜੇ ਕੋਈ ਸੀ ਤਾਂ ਉਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਖ਼ਸ਼ ਦਿੱਤੇ ਹੋਏ ਹਨ। ਕੋਈ ਸੰਸਾ ਨਾ ਕਰੋ। ਤੁਸੀਂ ਤੇ ਸਤਿਗੁਰੂ ਦੇ ਬੜੇ ਪਿਆਰੇ ਬਖਸ਼ੇ ਹੋਏ ਸਿੱਖ ਹੋ।'

ਪਿਤਾ ਜੀ ਉੱਚਾ ਸੁਣਦੇ ਸਨ, ਜਦੋਂ ਭਾਜੀ ਨੇ ਉੱਚੀ ਆਵਾਜ਼ ਵਿਚ ਦੱਸਿਆ ਤਾਂ ਬੜੇ ਪ੍ਰਸੰਨ ਹੋਏ। ਆਖਣ ਲੱਗੇ- ਵਾਹ ਬਈ ਵਾਹ, ਇਹ ਕੰਮ ਵੀ ਮੁੱਕਿਆ।

ਫੇਰ ਉਸੇ ਦਿਨ ਰਾਤ ਨੂੰ ਸਾਢੇ ਨੌਂ ਵਜੇ ਮੈਂ, ਰਤਨ ਸਿੰਘ ਤੇ ਹਰਦਿਆਲ ਸਿੰਘ ਪਾਸ ਬੈਠੇ ਸਾਂ, ਆਪ ਲੇਟੇ ਹੋਏ ਸਨ। ਬੜੀ ਸਹਿਜਤਾ 'ਚ ਆਖਣ ਲੱਗੇ- 'ਮੇਰੀ ਅਰਦਾਸ ਕਰ ਦਿਉ, ਹੁਣ ਸੱਚੇ ਪਾਤਸ਼ਾਹ ਮੈਨੂੰ ਆਪਣੇ ਪਾਸ ਲੈ ਜਾਣ।'

ਅਸੀਂ ਸੁਣ ਕੇ ਚੁੱਪ ਬੈਠੇ ਰਹੇ- ਉਨ੍ਹਾਂ ਵੇਖਿਆ ਕਿ ਅਰਦਾਸ ਨਹੀਂ ਕਰ ਰਹੇ। ਆਪ ਅਰਦਾਸ ਸ਼ੁਰੂ ਕੀਤੀ- ਬੜੀ ਹੀ ਇਕਾਗਰਤਾ ਅਤੇ ਸਹਿਜਤਾ ਨਾਲ ਅਰਦਾਸ ਸੰਪੂਰਨ ਕੀਤੀ। ਰਤਨ ਨੇ ਪੁੱਛਿਆ, 'ਬਾਪੂ ਜੀ, ਸੱਚੇ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ (ਸੁਪਨੇ 'ਚ) ਦਰਸ਼ਨ ਹੋਏ ਹਨ ?'

"ਹਾਂ ਦੋ ਵੇਰ ਦਰਸ਼ਨ ਹੋਏ ਹਨ।"

"ਕਿਵੇਂ ਦਰਸ਼ਨ ਹੋਏ" ਰਤਨ ਨੇ ਫੇਰ ਜਗਿਆਸਾ ਪ੍ਰਗਟਾ[illegible]

ਤੇ ਆਖਣ ਲੱਗੇ ਹੁਣ ਮੇਰਾ ਸਿਰ ਥੱਕ ਗਿਆ ਹੈ, ਕੱਲ੍ਹ ਨੂੰ [illegible]। ਬੱਸ ਕੱਲ੍ਹ ਨੂੰ ਪਹੁੰਚ ਗਏ। ਉਨ੍ਹਾਂ ਪਾਸ ਜਿਨ੍ਹਾਂ ਦੇ ਵਿਯੋਗ 'ਚ ਦਿਨ ਗਿਣ[illegible]

ਅਗਲੇ ਦਿਨ 27 ਜਨਵਰੀ ਦੁਪਹਿਰੇ ਸਵਾ ਤਿੰਨ [illegible] ਅਤੇ ਸੁਖਦੇਵ ਭਾਜੀ ਪਾਸ ਸਾਂ। ਪੁੱਛਿਆ ਕਿ ਜੰਗਲ ਪਾਣੀ ਜਾ [illegible]ਖਣ ਲੱਗੇ- 'ਹੁਣ ਏਨਾ ਵਕਤ ਕਿੱਥੇ ਹੈ ? ਗੱਡੀ ਤਿਆਰ ਹੈ, ਛੇਤੀ [illegible] ਜਲ ਵਰਤਿਆ, ਚੁਲਾ ਕੀਤਾ। ਭਾਜੀ ਕਹਿਣ ਲੱਗੇ- 'ਦੁੱਧ ਛਕ [illegible]ਖਣ ਲੱਗੇ- 'ਨਹੀਂ, ਦੁੱਧ ਨਹੀਂ ਛਕਣਾ।'

'ਫੇਰ ਫ਼ਲ ਛਕ ਲਵੋ।'

'ਕਿਹੜਾ ਫ਼ਲ ?'

'ਚਿੱਕੂ ਛਕੋਗੇ ?'

'ਠੀਕ ਹੈ ਚਿੱਕੂ ਦੇ ਦਿਓ।- ਭਾਜੀ ਨੇ ਕੱਟ ਕੇ ਪੀਸ ਦਿੱਤਾ, ਥੋੜ੍ਹਾ ਜਿਹਾ ਛਕਿਆ- ਜਿਵੇਂ ਓਨਾਂ ਹੀ ਖਾਣਾ ਬਾਕੀ ਰਹਿੰਦਾ ਸੀ- ਆਖਣ ਲੱਗੇ ਬਸ ਹੋਰ ਨਹੀਂ। ਦਿਲ ਘਟਦਾ ਹੈ, ਲਿਟਾ ਦਿਉ। ਬੈਡ ਤੇ ਲਿਟਾ ਦਿੱਤਾ। ਵੱਖੀ-ਪਰਨੇ ਸੱਜੇ ਪਾਸੇ ਬੜੇ ਸਹਿਜ ਨਾਲ ਲੇਟ ਗਏ- ਦੋ ਜਾਂ ਤਿੰਨ ਮਿੰਟ ਲੰਘੇ ਹੋਣਗੇ- ਭਾਜੀ ਘੁੱਟ ਰਹੇ ਸਨ। ਆਖਣ ਲੱਗੇ ਹਰਪਾਲ ਵੇਖੀਂ, ਜਾਪਦਾ ਹੈ ਅੱਖਾਂ ਨਹੀਂ ਝਮਕ ਰਹੇ। ਮੈਂ ਨਬਜ਼ ਵੇਖਣ ਲੱਗਾ, ਜੋ ਚਲਦੀ ਨਹੀਂ ਜਾਪਦੀ- ਬੱਸ ਇਕ ਸਾਹ ਲਿਆ, ਥੋੜ੍ਹਾ ਖਿੱਚਕੇ ਜੋ ਆਖ਼ਰੀ ਸੁਆਸ ਸੀ ਅਤੇ ਜਾ ਪਹੁੰਚੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ-

'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ।'

Harpal Singh Sewak
M 94178-01321. email : harpalsewak@yahoo.co.in







ਜੂਨ 2009 ਈ. ਸ੍ਰੀ ਭੈਣੀ ਸਾਹਿਬ ਬਾਗ ਵਾਲੀ ਕੋਠੀ (ਸਤਿਗੁਰੂ ਨਿਵਾਸ) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁਖ ਸਾਖੀਆਂ ਸੁਣਾਉਂਦੇ ਹੋਏ-ਸੰਤ ਕਸ਼ਮੀਰਾ ਸਿੰਘ ਜੀ।

ਸੰਤ ਕਸ਼ਮੀਰਾ ਸਿੰਘ ਜੀ ਨੇ ਲੰਮਾ ਸਮਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਕਟਤਾ ਦਾ ਆਨੰਦ ਮਾਣਿਆ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਤਾਂ ਭਗਵਾਨ ਕ੍ਰਿਸ਼ਨ ਤੇ ਸੁਦਾਮੇ ਵਾਲਾ ਸਬੰਧ ਸੀ। ਆਪ ਜੀ ਨੇ ਕਈ ਵਾਰ ਬੁਲਾ ਕੇ ਬਚਨ ਕਰਨਾ-ਕਸ਼ਮੀਰਾ ਸਿੰਘ, ਕੋਈ ਸਤਿਗੁਰਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੇ ਬਚਨ ਸੁਣਾਓ।